# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਐਜੁਕੇਸ਼ਨ, ਪੰਜਾਬ
## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)
ਐਸ.ਸੀ.ਓ. ਨੰ :104-106, ਦੂਜੀ ਅਤੇ ਤੀਜੀ ਮੰਜਿਲ ਸੈਕਟਰ 34-ਏ ਚੰਡੀਗੜ੍ਹ।

ਵੱਲ

1) ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)।
2) ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ)।
3) ਸਮੂਹ ਜ਼ਿਲ੍ਹਾ ਰਿਸੋਰਸ ਪਰਸਨ (ਮੈਥ)।
4) ਸਮੂਹ ਸਕੂਲ ਮੁੱਖੀ ( ਵੈੱਬ-ਸਾਈਟ ਰਾਹੀਂ)।

ਮੀਮੋ ਨੰ.: ਐਸ.ਐਸ.ਏ/ਐਮਸੀ/2012/੪੪੫੨੨-੫੨੫
ਮਿਤੀ, ਚੰਡੀਗੜ੍ਹ ੧੨-੧੧-੨੦੧੨

ਵਿਸ਼ਾ:- ਗਣਿਤ ਦਾ ਕੁਇਜ਼ ਕੰਪੀਟੀਸ਼ਨ ਕਰਵਾਉਣ ਸਬੰਧੀ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਜਿਵੇਂ ਕਿ ਆਪ ਸਭ ਨੂੰ ਪਤਾ ਹੀ ਹੈ ਕਿ ਗਣਿਤ ਦਾ ਪੱਧਰ ਉਚਾ ਚੁੱਕਣ ਅਤੇ ਵਿਦਿਆਰਥੀਆਂ ਵਿੱਚ ਗਣਿਤ ਪ੍ਰਤੀ ਰੁੱਚੀ ਪੈਦਾ ਕਰਨ ਅਤੇ ਪਰਿਪੱਕਤਾ ਲਿਆਉਣ ਲਈ ਸਕੂਲ ਸਿੱਖਿਆ ਵਿਭਾਗ, ਪੰਜਾਬ ਅਧੀਨ ਕਈ ਉਪਰਾਲੇ ਕੀਤੇ ਜਾ ਰਹੇ ਹਨ। ਇਹਨਾਂ ਉਪਰਾਲਿਆਂ ਦੀ ਲਗਾਤਾਰਤਾ ਵਿੱਚ ਰਾਜ ਦੇ ਸਮੂਹ ਸਰਕਾਰੀ ਅੱਪਰ ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਲਈ **Quiz** ਕੰਪੀਟੀਸ਼ਨ ਕਰਵਾਉਣ ਦਾ ਫੈਸਲਾ ਲਿਆ ਗਿਆ ਹੈ ਇਹ **Quiz** ਕੰਪੀਟੀਸ਼ਨ ਬਲਾਕ ਅਤੇ ਜਿਲ੍ਹੇ ਪੱਧਰ ਤੇ ਹੇਠ ਲਿਖੀਆਂ ਮਿਤੀਆਂ ਨੂੰ ਕਰਵਾਏ ਜਾਣਗੇ।

| ਲੜੀ ਨੰ: | ਜ਼ਿਲ੍ਹਾ ਅਤੇ ਬਲਾਕ ਪੱਧਰ | ਮਿਤੀ | ਸਮਾਂ |
|---|---|---|---|
| 1 | ਬਲਾਕ ਪੱਧਰ | **30.11.2012** | ਸਵੇਰੇ 10:00 ਤੋਂ 1.00 ਤੱਕ |
| 2 | ਜਿਲ੍ਹਾ ਪੱਧਰ | **18.12.2012** | ਸਵੇਰੇ 10:00 ਤੋਂ 1.00 ਤੱਕ |

2.1 ਜ਼ਿਲੇ ਅਤੇ ਬਲਾਕ ਪੱਧਰ ਤੇ ਹੋਣ ਵਾਲੇ **Quiz** ਕੰਪੀਟੀਸ਼ਨ ਦਾ ਸਾਰਾ ਪ੍ਰਬੰਧ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਦੀ ਨਿਗਰਾਨੀ ਹੇਠ ਜਿਲ੍ਹੇ ਦੇ ਜ਼ਿਲ੍ਹਾ ਰਿਸੋਰਸ ਪਰਸਨ (ਮੈਥ) ਵੱਲੋਂ ਕੀਤੀ ਜਾਵੇਗੀ। ਬਲਾਕ ਪੱਧਰ ਤੇ ਪ੍ਰਸ਼ਨ ਪੱਤਰ ਸਬੰਧਤ ਡੀ.ਆਰ.ਪੀਜ਼. (ਮੈਥ) ਅਤੇ ਬੀ.ਆਰ.ਪੀਜ਼ (ਮੈਥ) ਤਿਆਰ ਕਰਨਗੇ। ਜੋ ਸਮੂਹ ਬਲਾਕਾਂ ਲਈ ਸਾਝਾਂ ਹੋਵੇਗਾ। ਜ਼ਿਲ੍ਹਾ ਪੱਧਰ ਤੇ ਪ੍ਰਸ਼ਨ ਪੱਤਰ ਸਬੰਧਤ ਜ਼ਿਲ੍ਹਾ ਰਿਸੋਰਸ ਪਰਸਨਜ਼ (ਮੈਥ) ਅਤੇ ਬਲਾਕ ਰਿਸੋਰਸ ਪਰਸਨ (ਮੈਥ) ਤਿਆਰ ਕਰਨਗੇ। ਜ਼ਿਲ੍ਹਾ ਪੱਧਰੀ ਪ੍ਰਸ਼ਨ ਪੱਤਰ ਦਾ ਮਿਆਰ ਬਲਾਕ ਪੱਧਰੀ ਪ੍ਰਸ਼ਨ ਪੱਤਰ ਨਾਲੋ ਉੱਚਾ ਹੋਵੇਗਾ।

2.2 ਇਸ ਕੰਪੀਟੀਸ਼ਨ ਲਈ ਜਮਾਤ ਛੇਵੀ ਤੋਂ ਅੱਠਵੀਂ ਤੱਕ ਦੇ ਤਿੰਨ ਵਿਦਿਆਰਥੀਆਂ ਦਾ ਨਾਮ (ਪ੍ਰਤੀ ਜਮਾਤ ਇੱਕ) ਹਰ ਸਕੂਲ ਮੁੱਖੀ ਵੱਲੋਂ ਲਿਖਤੀ ਤੌਰ ਦੇ ਲਿਆ ਜਾਵੇਗਾ।

2.3 ਹਰੇਕ ਸਕੂਲ ਵਿਚੋ ਇਕ ਟੀਮ ਭਾਗ ਲਏਗੀ।

2.4 ਜੇਕਰ ਕੋਈ ਐਲੀਮੈਂਟਰੀ ਸਕੂਲ / ਮਿਡਲ ਸਕੂਲ ਕਿਸੇ ਹਾਈ / ਸੀਨੀਅਰ ਸੈਕੰਡਰੀ ਸਕੂਲ ਨਾਲ ਜੁੜਿਆ ਹੈ ਤਾਂ ਉਹ ਸਕੂਲ ਆਪਣੀ ਵੱਖਰੀ ਟੀਮ ਲੈ ਕੇ ਆਏਗਾ।

2.5 ਪ੍ਰਸ਼ਨ ਓਬਜੈਕਟਿਵ ਟਾਈਪ ਹੋਣਗੇ ਜਿਸਦੇ ਉਤਰ ਇੱਕ ਸ਼ਬਦੀ ਹੋਣਗੇ।

2.6 ਪ੍ਰਸ਼ਨ ਛੇਵੀ, ਸੱਤਵੀਂ ਅਤੇ ਅਠੱਵੀਂ ਜਮਾਤ ਦੇ ਮੈਥ ਦੇ ਸਿਲੇਬਸ ਵਿੱਚੋ ਆਉਣਗੇ ਜੋ ਕਿ ਅਕਤੂਬਰ, 2012 ਤੱਕ ਪੂਰਾ ਕੀਤਾ ਹੋਵੇਗਾ। ਜਿਸ ਵਿੱਚ ਮੁੱਖ ਫੋਕਸ ਪਹਾੜਿਆਂ ਦੀ ਜਾਣਕਾਰੀ, ਉਹਨਾਂ ਦੀ ਵਰਤੋਂ, ਦੈਨਿਕ ਜੀਵਨ ਵਿੱਚ ਗਣਿਤ ਦੀ ਵਰਤੋਂ ਅਤੇ ਫਾਰਮੂਲੇ ਤੇ ਹੋਵੇਗਾ।

2.7 ਇਸ ਕੰਪੀਟੀਸ਼ਨ ਵਿੱਚ ਚਾਰ ਪੜਾਅ ਮੈਥ ਦੇ ਹੋਣਗੇ।

2.8 ਲੋੜ ਅਨੁਸਾਰ ਇਹ ਪੜਾਅ ਵਧਾਏ ਵੀ ਜਾ ਸਕਦੇ ਹਨ।

2.9 ਹਰੇਕ ਪ੍ਰਸ਼ਨ "2" ਅੰਕਾਂ ਦਾ ਹੋਵੇਗਾ। ਟੀਮ ਦਾ ਉੱਤਰ ਸਹੀ ਹੋਣ ਤਾਂ ਟੀਮ ਨੂੰ "2" ਅੰਕ ਮਿਲਣਗੇ।

2.10 ਹਰ ਪ੍ਰਸ਼ਨ ਦਾ ਉੱਤਰ ਉਤਰ ਦੇਣ ਲਈ 20 ਸੈਕਿੰਡ ਦਿੱਤੇ ਜਾਣਗੇ।

2.11 ਜੇਕਰ ਟੀਮ ਉੱਤਰ ਨਾ ਦੇ ਸਕੇ ਜਾ ਗਲਤ ਉੱਤਰ ਹੋਵੇ ਤਾਂ ਪ੍ਰਸ਼ਨ ਅਗਲੀ ਟੀਮ ਨੂੰ ਪਾਸ ਕਰ ਦਿੱਤਾ ਜਾਵੇਗਾ।

2.12 ਜੋ ਟੀਮ ਅਜਿਹੇ ਪਾਸ ਕੀਤੇ ਪ੍ਰਸ਼ਨ ਦਾ ਸਹੀ ਉੱਤਰ ਦੇਵੇਗੀ ਉਸਨੂੰ **"1"** ਅੰਕ ਪ੍ਰਾਪਤ ਹੋਵੇਗਾ।

2.13 ਬਲਾਕ ਪੱਧਰ ਤੇ ਜੇਤੂ ਟੀਮ ਨੂੰ ਇਨਾਮ ਦਿੱਤਾ ਜਾਏਗਾ। ਕੇਵਲ ਇੱਕ ਹੀ ਟੀਮ ਜੇਤੂ ਕਰਾਰ ਕੀਤੀ ਜਾਏਗੀ।

2.14 ਬਲਾਕ ਪੱਧਰ ਤੇ ਪ੍ਰਥਮ ਆਉਣ ਵਾਲੀ ਟੀਮ ਅੱਗੇ ਜ਼ਿਲ੍ਹਾ ਪੱਧਰ ਤੇ ਕੰਪੀਟੀਸ਼ਨ ਵਿੱਚ ਭਾਗ ਲਵੇਗੀ।

2.15 ਜ਼ਿਲ੍ਹਾ ਪੱਧਰ ਤੇ ਪ੍ਰਥਮ ਆਉਣ ਵਾਲੀ ਟੀਮ ਅੱਗੇ ਰਾਜ ਪੱਧਰ ਤੇ ਕੰਪੀਟੀਸ਼ਨ ਵਿੱਚ ਭਾਗ ਲਵੇਗੀ।

2.16 ਰਾਜ ਪੱਧਰੀ ਕੰਪੀਟੀਸ਼ਨ ਸਟੇਟ ਪ੍ਰਾਜੈਕਟ ਡਾਇਰੈਕਟਰ ਦੀ ਦੇਖ-ਰੇਖ ਹੇਠ ਕਰਵਾਇਆ ਜਾਵੇਗਾ।ਇਸ ਲਈ ਪ੍ਰਸ਼ਨ ਪੱਤਰ ਹੈੱਡ-ਆਫਿਸ ਤੇ ਹੀ ਤਿਆਰ ਕੀਤਾ ਜਾਵੇਗਾ।ਇਸ ਕੰਪੀਟੀਸ਼ਨ ਦੀ ਮਿਤੀ ਅਤੇ ਸਥਾਨ ਬਾਅਦ ਵਿੱਚ ਨਿਸ਼ਚਿਤ ਕੀਤਾ ਜਾਵੇਗਾ।

3.0 **Quiz** ਕੰਪੀਟੀਸ਼ਨ ਲਈ ਵੱਖ-ਵੱਖ ਪੱਧਰ ਤੇ ਜੇਤੂਆਂ ਲਈ ਅਵਾਰਡ ਦੀ ਰਾਸ਼ੀ ਹੇਠ ਲਿਖੇ ਅਨੁਸਾਰ ਹੈ।

| | ਪਹਿਲਾ ਸਥਾਨ | ਦੂਜਾ ਸਥਾਨ | ਤੀਜਾ ਸਥਾਨ |
|---|---|---|---|
| ਬਲਾਕ ਪੱਧਰ | 900/- | 600/- | 300/- |
| ਜ਼ਿਲ੍ਹਾ ਪੱਧਰ | 1200/- | 900/- | 600/- |
| ਰਾਜ ਪੱਧਰ | 5100/- | 3100/- | 2100/- |

3.1 ਐਵਾਰਡ ਲਈ ਖਰਚਾ ਸਰਵ ਸਿੱਖਿਆ ਅਭਿਆਨ ਅਧੀਨ ਦਿੱਤੀ ਗਈ **LEP** ਗਰਾਂਟ ਵਿੱਚੋ ਕੀਤਾ ਜਾਵੇਗਾ।

4.0 ਬਲਾਕ ਪੱਧਰੀ ਅਤੇ ਜ਼ਿਲ੍ਹਾ ਪੱਧਰੀ ਕੁਇਜ਼ ਮੁਕਾਬਲਾ ਕਰਵਾਉਣ ਲਈ ਬਲਾਕ ਪੱਧਰ ਤੇ ਪ੍ਰਤੀ ਬਲਾਕ 500/- ਰੁ ਪ੍ਰਬੰਧਕੀ ਖਰਚ ਅਤੇ ਜ਼ਿਲ੍ਹਾ ਪੱਧਰ ਤੇ ਪ੍ਰਤੀ ਜ਼ਿਲ੍ਹਾ 2000/- ਪ੍ਰਬੰਧਕੀ ਖਰਚ **LEP** ਵਿੱਚੋਂ ਕੀਤਾ ਜਾਵੇਗਾ।ਇਸ ਸਬੰਧੀ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਨੂੰ ਹੈਡ-ਆਫਿਸ ਤੋਂ ਅਨੁੱਲਗ 'ੳ' ਮੁਤਾਬਿਕ ਰਾਸ਼ੀ ਰਿਲੀਜ਼ ਕੀਤੀ ਜਾ ਰਹੀ ਹੈ।

5.0 ਪ੍ਰਸ਼ਨ- ਪੱਤਰ ਅਤੇ ਵਿਦਿਆਰਥੀਆਂ ਦੀ ਤਿਆਰੀ ਦੀ ਮੌਨੀਟਰਿੰਗ ਬੀ.ਆਰ.ਪੀ. (ਮੈਥ) ਦੁਆਰਾ ਮੈਥ ਅਧਿਆਪਕਾਂ ਦੇ ਸਹਿਯੋਗ ਨਾਲ ਕਰਵਾਈ ਜਾਵੇਗੀ।

6.0 ਉਪਰੋਕਤ ਦਰਸਾਈਆਂ ਗਾਈਡ ਲਾਈਨਜ਼ ਅਨੁਸਾਰ ਕਾਰਵਾਈ ਕਰਨ ਯਕੀਨੀ ਬਣਾਇਆ ਜਾਵੇ ਜੀ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ
ਪੰਜਾਬ, ਚੰਡੀਗੜ੍ਹ

ਅਨੁੱਲਗ - ੳ

| ਲੜੀ ਨੰ | ਜ਼ਿਲ੍ਹਾ | ਬਲਾਕਾਂ ਦੀ ਗਿਣਤੀ | ਇਨਾਮਾਂ ਦੀ ਰਾਸ਼ੀ @ 1800/- ਰੁਪਏ A | ਬਲਾਕ ਪੱਧਰ ਦਾ ਪ੍ਰਬੰਧਕੀ ਖਰਚ | ਕੁੱਲ ਪ੍ਰਬੰਧਕੀ ਖਰਚਾ B | ਜੋੜ A+B | ਜ਼ਿਲ੍ਹੇ ਪੱਧਰ ਤੇ ਖਰਚਾ | | |
|---|---|---|---|---|---|---|---|---|---|
| | | | | | | | ਇਨਾਮਾਂ ਦਾ ਖਰਚਾ | ਪ੍ਰਬੰਧਕੀ ਖਰਚਾ | ਕੁੱਲ ਜੋੜ |
| 1. | ਅੰਮ੍ਰਿਤਸਰ | 17 | 30600.00 | 500×17 | 8500 | 39100 | 2700 | 2000 | 4700 |
| 2. | ਬਰਨਾਲਾ | 03 | 5400.00 | 500×03 | 1500 | 6900 | 2700 | 2000 | 4700 |
| 3. | ਬ਼ਠਿੰਡਾ | 06 | 10800.00 | 500×06 | 3000 | 13800 | 2700 | 2000 | 4700 |
| 4. | ਫਰੀਦਕੋਟ | 05 | 9000.00 | 500×05 | 2500 | 11500 | 2700 | 2000 | 4700 |
| 5. | ਫਤਿਹਗੜ੍ਹ ਸਾਹਿਬ | 06 | 10800.00 | 500×06 | 3000 | 13800 | 2700 | 2000 | 4700 |
| 6. | ਫਾਜਿਲਕਾ | 08 | 14400.00 | 500×08 | 4000 | 18400 | 2700 | 2000 | 4700 |
| 7. | ਫਿਰੋਜ਼ਪੁਰ | 11 | 19800.00 | 500×11 | 5500 | 25300 | 2700 | 2000 | 4700 |
| 8. | ਗੁਰਦਾਸਪੁਰ | 16 | 28800.00 | 500×16 | 8000 | 36800 | 2700 | 2000 | 4700 |
| 9. | ਹੁਸ਼ਿਆਰਪੁਰ | 19 | 34200.00 | 500×19 | 9500 | 43700 | 2700 | 2000 | 4700 |
| 10. | ਜਲੰਧਰ | 19 | 34200.00 | 500×19 | 9500 | 43700 | 2700 | 2000 | 4700 |
| 11. | ਕਪੂਰਥਲਾ | 08 | 14400.00 | 500×08 | 4000 | 18400 | 2700 | 2000 | 4700 |
| 12. | ਲੁਧਿਆਣਾ | 19 | 34200.00 | 500×19 | 9500 | 43700 | 2700 | 2000 | 4700 |
| 13. | ਮਾਨਸਾ | 05 | 9000.00 | 500×05 | 2500 | 11500 | 2700 | 2000 | 4700 |
| 14. | ਮੋਗਾ | 06 | 10800.00 | 500×06 | 3000 | 13800 | 2700 | 2000 | 4700 |
| 15. | ਐਸ.ਏ.ਐਸ ਨਗਰ | 08 | 14400.00 | 500×08 | 4000 | 18400 | 2700 | 2000 | 4700 |
| 16. | ਮੁਕਤਸਰ | 06 | 10800.00 | 500×06 | 3000 | 13800 | 2700 | 2000 | 4700 |
| 17. | ਸ਼ਹੀਦ ਭਗਤ ਸਿੰਘ ਨਗਰ | 08 | 14400.00 | 500×08 | 4000 | 18400 | 2700 | 2000 | 4700 |
| 18. | ਪਠਾਨਕੋਟ | 06 | 10800.00 | 500×06 | 3000 | 13800 | 2700 | 2000 | 4700 |
| 19. | ਪਟਿਆਲਾ | 13 | 23400.00 | 500×13 | 6500 | 29900 | 2700 | 2000 | 4700 |
| 20. | ਰੂਪਨਗਰ | 08 | 14400.00 | 500×08 | 4000 | 18400 | 2700 | 2000 | 4700 |
| 21. | ਸੰਗਰੂਰ | 11 | 19800.00 | 500×11 | 5500 | 25300 | 2700 | 2000 | 4700 |
| 22. | ਤਰਨ ਤਾਰਨ | 09 | 16200.00 | 500×09 | 4500 | 20700 | 2700 | 2000 | 4700 |
| | ਕੁਲ ਜੋੜ | 217 | 390600.00 | | 108500 | 499100 | 59400 | 44000 | 103400 |